# ਵਾਰਸ

(ਇਹ ਨਾਟਕ **ਤਲਵਿੰਦਰ ਸਿੰਘ ਦੀ** ਇਸੇ ਨਾਂ ਦੀ ਕਹਾਣੀ 'ਤੇ ਆਧਾਰਿਤ ਹੈ)

ਸੀਨ : ਮੋਨਟਾਜ ਵਿਚ ਨਾਟਕ ਦੇ ਵੱਖ-ਵੱਖ ਦ੍ਰਿਸ਼ ਆ ਰਹੇ ਹਨ ਅਤੇ ਟਾਈਟਲ ਉਹਨਾਂ 'ਤੇ ਸੁਪਰਇੰਪੋਜ਼ ਹਨ। ਟੈਲੀ ਨਾਟਕ ਬਾਰੇ ਇਕ ਕੁਮੈਂਟਰੀ ਨਾਲ ਨਾਲ ਚੱਲ ਰਹੀ ਹੈ।

ਕੁਮੈਂਟਰੀ : ਇਹ ਨਾਟਕ ਮਨੁੱਖੀ ਵਰਤਾਰੇ ਦੇ ਇਕ ਬੜੇ ਸੂਖਮ ਪਹਿਲੂ ਨੂੰ ਪੇਸ਼ ਕਰਦਾ ਹੇ। ਇਕ ਬਜ਼ੁਰਗ ਦੀ ਮੌਤ ਹੋ ਗਈ ਹੈ। ਮ੍ਰਿਤਕ ਦੇਹ ਸ਼ਹਿਰ ਦੇ ਇਕ ਮੁਹੱਲੇ ਦੇ ਇਕ ਮਕਾਨ ਦੇ ਕਮਰੇ ਵਿਚ ਪਈ ਹੈ। ਬਜ਼ੁਰਗ, ਜੋ ਕਿ ਅਸਲ ਵਿਚ ਪਿੰਡ ਦਾ ਰਹਿਣ ਵਾਲਾ ਇਕ ਕਾਰੀਗਰ ਸੀ, ਇਥੇ ਸ਼ਹਿਰ ਵਿਚ ਆਪਣੇ ਪੁੱਤਰ ਕੋਲ ਰਹਿੰਦਾ ਸੀ, ਜੋ ਕਿ ਇਕ ਸਰਕਾਰੀ ਮੁਲਾਜ਼ਮ ਹੈ। ਬਜ਼ੁਰਗ ਦੀ ਨੂੰਹ ਇਥੇ ਸਰਕਾਰੀ ਹਸਪਤਾਲ ਵਿਚ ਨਰਸ ਹੈ। ਉਹਦੀ ਪੋਸਟਿੰਗ ਕਿਸੇ ਹੋਰ ਸ਼ਹਿਰ ਵਿਚ ਹੈ ਤੇ ਉਹ ਸਿਰਫ ਹਫਤੇ ਦੇ ਅਖੀਰ ਵਿਚ ਹੀ ਆਉਂਦੀ ਹੈ, ਬਜ਼ੁਰਗ ਪਿੰਡ ਤੋਂ ਤਾਂ ਆ ਗਿਆ ਸੀ ਪਰ ਉਹਦੀ ਰੂਹ ਆਪਣੇ ਪਿੰਡ ਵਿਚ ਹੀ ਸੀ। ਸ਼ਹਿਰ ਵਿਚ ਆਕੇ ਉਹ ਪੂਰੀ ਤਰ੍ਹਾਂ ਬੇਗਾਨਗੀ ਹੀ ਮਹਿਸੂਸ ਕਰਦਾ ਸੀ। ਮ੍ਰਿਤਕ ਦੇਹ ਦੇ ਕੋਲ ਬੈਠਾ ਪੁੱਤਰ ਆਪਣੇ ਪਿਤਾ ਦੀ ਜ਼ਿੰਦਗੀ 'ਤੇ ਇਕ ਝਾਤ ਮਾਰਦਾ ਹੈ ਜੋ ਕਿ ਇਕ ਨਿੱਘੇ ਆਲੇ ਦੁਆਲੇ ਤੋਂ ਲੈਕੇ ਇਕ ਬੇਗਾਨਗੀ ਦੇ ਆਲੇ ਦੁਆਲੇ ਤੱਕ ਦਾ ਸਫਰ ਹੈ।

(ਨੋਟ : ਮੋਨਟਾਜ ਦੇ ਖਤਮ ਹੋਣ ਨਾਲ ਹੀ ਕੁਮੈਂਟਰੀ ਖਤਮ ਹੁੰਦੀ ਹੈ। ਬੋਲਾਂ ਦੀ ਸਪੀਡ ਲੋੜ ਅਨੁਸਾਰ ਤੇਜ਼ ਜਾਂ ਹੌਲੀ ਕੀਤੀ ਜਾ ਸਕਦੀ ਹੈ।)

## ਸੀਨ-2

2.1 : ਕੈਮਰਾ ਇਕ ਮ੍ਰਿਤਕ ਦੇਹ 'ਤੇ ਪੈਂਦਾ ਹੈ, ਜੋ ਚਾਦਰ ਨਾਲ ਢੱਕੀ ਹੋਈ ਹੈ। ਸਿਰਫ ਚਿਹਰਾ ਚਾਦਰ ਦੇ ਬਾਹਰ ਹੈ।

2.2 : ਕੈਮਰਾ ਬਜ਼ੁਰਗ ਦੇ ਪੁੱਤਰ ਦੇ ਚਿਹਰੇ ਦਾ ਕਲੋਜ਼ਅਪ ਲੈਂਦਾ ਹੈ - ਜੋ ਕਹਾਣੀ ਦਾ ਆਰੰਭ ਕਰਦਾ ਹੈ।

ਲੜਕਾ : ਹਾਂ ਬਾਪੂ ਜੀ ਦੀ ਜ਼ਿੰਦਗੀ ਦਾ ਸਫਰ ਖਤਮ ਹੋ ਗਿਆ ਹੈ। ਇਹ ਇਕ ਸੰਘਰਸ਼ਸ਼ੀਲ ਵਿਅਕਤੀ ਦਾ ਸਫਰ ਸੀ। ਸੰਘਰਸ਼ ਇਸ ਵਿਅਕਤੀ ਦੀ ਆਤਮਾ ਸੀ, ਪ੍ਰੇਰਨਾ ਸੀ ਅਤੇ ਜੀਣ ਲਈ ਇਕ

ਬਹਾਨਾ ਸੀ – ਬਾਪੂ ਜੀ ਦੇ ਮੰਜੇ ਕੋਲ ਬੈਠਾ ਮੈਂ ਬੜਾ ਟੁੱਟਿਆ ਜਿਹਾ ਮਹਿਸੂਸ ਕਰ ਰਿਹਾ ਹਾਂ। ਮੇਰੇ ਕੋਲ ਇਹ ਗੁਆਂਢੀ ਵੀ ਮੇਰੀ ਰਸਮੀ ਹਮਦਰਦੀ ਲਈ ਬੈਠੇ ਹਨ, ਜਿਸ ਤਰ੍ਹਾਂ ਕਿ ਗੁਆਂਢੀ ਆਮ ਤੌਰ ’ਤੇ ਬੈਠਦੇ ਹੀ ਹਨ।

*(ਕੈਮਰਾ ਸਿਰ ਸੁੱਟੀ ਦੋ ਗੁਆਂਢੀਆਂ ਉਤੇ ਪੈਂਦਾ ਹੈ ਤੇ ਫੇਰ ਵਾਪਸ ਲੜਕੇ ਦਾ ਕਲੋਜ਼ਅਪ ਲੈਂਦਾ ਹੈ।)*

ਲੜਕਾ : ਵਰਮਾ ਹਾਲੇ ਤੱਕ ਨਹੀਂ ਆਇਆ। ਪਤਾ ਨਹੀਂ ਟੈਲੀਫੂਨ ਮਿਲੇ ਹਨ ਕਿ ਨਹੀਂ ? ਘੱਟੋ ਘੱਟ ਭੈਣਾਂ ਨੂੰ ਤਾਂ ਸਮੇਂ ਸਿਰ ਆ ਹੀ ਜਾਣਾ ਚਾਹੀਦਾ ਹੈ। ਮੇਰੀ ਪਤਨੀ ਜਸਬੀਰ ਦੇ ਘਰ ਹੋਣ ਕਰਕੇ ਇਕ ਅਜੀਬ ਖਲਾਅ ਪੈਦਾ ਹੋਇਆ ਹੋਇਆ ਹੈ। ਦਿਮਾਗ ਕੋਈ ਸਪਸ਼ਟ ਨਿਰਣਾ ਲੈਣੋ ਅਸਮਰਥ ਹੈ। ਇਹ ਸਭ ਕੁਝ ਕਿਵੇਂ ਭੁਗਤੇਗਾ ? ਇਹ ਸਵਾਲ ਵਾਰ ਵਾਰ ਮੇਰੇ ਅੰਦਰੋਂ ਉਠਦਾ ਹੈ।

(ਕੈਮਰਾ ਕਮਰੇ ਵਿਚ ਬਾਪੂ ਜੀ ਦੀਆਂ ਚੀਜ਼ਾਂ – ਐਨਕ, ਸੋਟੀ, ਗੁਟਕਾ ਆਦਿਕ ’ਤੇ ਪੈਂਦਾ ਹੈ। ਫੇਰ ਘੁੰਮਦਾ ਹੋਇਆ ਲੜਕੇ ਦਾ ਕਲੋਜ ਅਪ ਲੈਂਦਾ ਹੈ।)

ਲੜਕਾ : ਵਰਮੇ ਨੂੰ ਇਸ ਸਮੇਂ ਤੱਕ ਪਹੁੰਚ ਜਾਣਾ ਚਾਹੀਦਾ ਸੀ। ਉਸੇ ਨੂੰ ਤਾਂ ਮੈਂ ਮੁਹੱਲੇ ਵਿਚ ਸਭ ਤੋਂ ਨੇੜੇ ਸਮਝਦਾ ਹਾਂ। ਇਹ ਦੋਵੇਂ ਸੱਜਣ (ਕੈਮਰਾ ਦਰੀ ’ਤੇ ਬੈਠੇ ਦੋ ਵਿਅਕਤੀਆਂ ’ਤੇ ਪੈਂਦਾ ਹੈ) ਮੇਰੇ ਏਨੇਂ ਨਜ਼ਦੀਕ ਨਹੀਂ ਕਿ ਇਹਨਾਂ ਨਾਲ ਸਲਾਹ ਵਰਗੀ ਕੋਈ ਗੱਲ ਕੀਤੀ ਜਾ ਸਕੇ। ਕਿੰਨੀ ਤੇਜ਼ੀ ਨਾਲ ਸਭ ਕੁਝ ਵਾਪਰ ਗਿਆ ਹੈ। ਹਾਲੇ ਵੀ ਯਕੀਨ ਨਹੀਂ ਬਝਦਾ ਕਿ ਬਾਪੂ ਜੀ ਸਦਾ ਲਈ ਵਿਛੜ ਗਏ ਹਨ। ਹਾਲੇ ਸਵੇਰੇ ਹੀ ਤਾਂ ਮੈਂ ਜਦੋਂ ਉਹਨਾਂ ਦੇ ਕਮਰੇ ਵਿਚ ਗਿਆ

(ਨੋਟ : ਹੁਣ ਕੈਮਰਾ ਬਾਪੂ ਜੀ ਦੇ ਵੱਖ–ਵੱਖ visuals ਲੈਂਦਾ ਜਾਂਦਾ ਹੈ, ਨਾਲ–ਨਾਲ ਪੁੱਤਰ ਦੀ ਬੋਲਣ ਦੀ ਆਵਾਜ਼ ਆਉਂਦੀ ਜਾਂਦੀ ਹੈ।)

– ਅੱਜ ਉਹ ਚੁੱਪ ਚਾਪ ਉਠਕੇ ਬੈਠ ਗਏ ਸਨ

*(ਬਜ਼ੁਰਗ ਖਾਲੀ–ਖਾਲੀ ਨਜ਼ਰਾਂ ਨਾਲ ਖਿਲਾਅ ਵਿਚ ਵੇਖ ਰਹੇ ਹਨ।)*

– ਉਹਨਾਂ ਦੇ ਚਿਹਰੇ ’ਤੇ ਨਿਤ ਵਰਗੀ ਸ਼ਾਂਤੀ ਤੇ ਤਾਜ਼ਗੀ ਨਹੀਂ ਸੀ।

– ਜਦੋਂ ਮੈਂ ਬੱਤੀ ਜਗਾਈ ਉਹਨਾਂ ਨੇ ਨਿਤ ਵਾਂਗ ਸਾਹਮਣੇ ਦੀ ਕੰਧ ਉਤੇ ਲਗੀ ਬਾਬੇ ਨਾਨਕ ਦੀ ਤਸਵੀਰ ਵੱਲ ਵੇਖਕੇ ਹੱਥ ਜੋੜਕੇ

ਸਿਰ ਨਹੀਂ ਸੀ ਨਿਵਾਇਆ

*(visuals ਸੋਭਾ ਸਿੰਘ ਦੀ ਬਣੀ ਬਾਬਾ ਨਾਨਕ ਦੀ ਤਸਵੀਰ, ਹਲਕਾ ਹਲਕਾ ਸੰਗੀਤ।)*

– ਸਗੋਂ ਕਿੰਨਾ ਚਿਰ ਪੱਖੇ ਦੀ ਹਵਾ ਨਾਲ ਡੋਲਦੇ ਦਰਵਾਜ਼ੇ ਦੇ ਪਰਦੇ ਨੂੰ ਵੇਖ ਰਹੇ ਸੀ।

*(visual – ਚਲਦਾ ਪੱਖਾ ਹਿਲਦੇ ਪਰਦੇ ਤੇ ਹਲਕਾ ਹਲਕਾ ਸੰਗੀਤ।)*

– ਮੈਨੂੰ ਬਾਪੂ ਜੀ ਦੇ ਤੰਦਰੁਸਤ ਨਾ ਹੋਣ ਬਾਰੇ ਸ਼ੱਕ ਹੋਇਆ ਸੀ। ਰਾਤੀਂ ਉਹਨਾਂ ਨੂੰ ਕਿੰਨੀ ਵਾਰ ਖੰਘ ਛਿੜੀ ਸੀ।

(visual – ਖੰਘਦਾ ਹੋਇਆ ਬਜ਼ੁਰਗ।)

– ਮੈਂ ਬਾਲਟੇ ’ਚ ਰੇਤ ਉਹਨਾਂ ਦੇ ਮੰਜੇ ਲਾਗੇ ਰਖੀ ਤਾਂ ਜੋ ਉਹਨਾਂ ਨੂੰ ਥੁਕਣ ’ਚ ਸੋਖ ਰਹੇ

– ਤੇ ਅੱਜ ਸਵੇਰੇ … .. .

*(ਸਵੇਰ ਦੇ ਫਲੈਸ਼ ਬੈਕ ਦਾ ਦ੍ਰਿਸ਼। ਪੁੱਤਰ ਇਕ ਹੱਥ ਚਾਹ ਦਾ ਕੱਪ ਤੇ ਇਕ ਹੱਥ ਪਾਣੀ ਦਾ ਗਲਾਸ ਫੜੀ ਬਾਪੂ ਜੀ ਕੋਲ ਆਉਂਦਾ ਹੈ। ਉਹ ਪਹਿਲੇ ਹਿਲਦੇ ਪਰਦਿਆਂ ਵੱਲ ਵੇਖ ਰਹੇ ਹਨ, ਫੇਰ ਪੁੱਤਰ ਨੂੰ ਆਪਣੇ ਲਾਗੇ ਬਹਿਣ ਦਾ ਇਸ਼ਾਰਾ ਕਰਦੇ ਹਨ। ਪੁੱਤਰ ਲਾਗੇ ਪਏ ਸਟੂਲ ’ਤੇ ਬੈਠ ਜਾਂਦਾ ਹੈ।)*

ਬਾਪੂ : ਲਗਦੈ, ਅੱਜ ਸੱਦਾ ਆ ਗਿਐ ਪੁੱਤ। ਸਾਰੀ ਰਾਤ ਅੱਖ ਨਹੀਂ ਲਗੀ। ਬੜਾ ਹੀ ਬੇਚੈਨ ਰਿਹਾ। ਬਸ ਸਵੇਰੇ ਲਗੀ ਤਾਂ ਮੈਨੂੰ ਪਿੰਡ ਵਾਲੇ ਘਰ ਦੀ ਦਹਿਲੀਜ਼ ’ਤੇ ਖਲੋਤੀ ਤੇਰੀ ਬੇਬੇ ਦਿਸੀ।

*(ਫਲੈਸ਼ – ਇਕ ਪਿੰਡ ਦਾ ਖਾਲੀ ਘਰ, ਜਿਸਦੀਆਂ ਕੰਧਾਂ ਦੀ ਹਾਲਤ ਖਸਤੀ ਹੈ।)*

ਬੇਬੇ : ਕਰਮੇ ਦੇ ਬਾਪੂ, ਕੀ ਹਾਲ ਹੋ ਗਿਆ ਏ ਘਰ ਦਾ ? ਤੂੰ ਤਾਂ ਇਥੇ ਵਸਣਾ ਛੱਡ ਹੀ ਦਿੱਤਾ ਏ। ਜੇ ਇਥੇ ਨਹੀਂ ਵਸਣਾ ਤਾਂ ਮੇਰੇ ਕੋਲ ਹੀ ਆ ਜਾ। ਮੈਂ ਕਿੰਨੇ ਚਿਰ ਦੀ ’ਕੱਲੀ ਬੈਠੀ ਆਂ।

(ਕੈਮਰਾ ਫੇਰ ਬਜ਼ੁਰਗ ਦਾ ਕਲੋਜ਼ ਅੱਪ ਲੈਂਦਾ ਹੈ ਤੇ ਫਲੈਸ਼ ਤੋਂ ਪਹਿਲੇ ਵਾਲਾ ਦ੍ਰਿਸ਼।)

ਬਾਪੂ : ਫੇਰ ਮੈਂ ਉਹਦੇ ਵੱਲ ਦੋ ਕੁ ਪੈਰ ਪੁੱਟੇ ਕਿ ਅੱਖ ਖੁਲ ਗਈ।

ਪੁੱਤਰ : ਲੈ ਫੜੋ ਪਾਣੀ, ਕੁਰਲਾ ਕਰਕੇ ਚਾਹ ਪੀ ਲਓ। ਬੇਬੇ ਦਾ ਤੁਹਾਨੂੰ ਵਹਿਮ ਹੋ ਜਾਂਦਾ ਏ। ਹੁਣ ਇਸ ਉਮਰੇ ਬੇਬੇ ਦਾ ਮੋਹ ਜਾਗ ਪਿਆ ਏ।

(ਫਲੈਸ਼ ਵਾਪਸ – ਪੁੱਤਰ ਦਾ ਕਲੋਜ਼ਅਪ।)

ਪੁੱਤਰ : ਕਹਿਣ ਨੂੰ ਤਾਂ ਮੈਂ ਕਹਿ ਗਿਆ, ਪਰ ਮੇਰਾ ਧੁਰ ਅੰਦਰੋਂ ਕੁਝ ਹਿਲ ਗਿਆ। ਮੇਰੀ ਹਲਕੇ ਰੌ 'ਚ ਕਹੀ ਗੱਲ ਸੁਣਕੇ ਉਹਨਾਂ ਜਦੋਂ ਆਪਣੇ ਚਿਹਰੇ ਦੇ ਪ੍ਰਭਾਵ ਰੱਤਾ ਵੀ ਨਾ ਬਦਲੇ ਤਾਂ ਮੇਰਾ ਮੱਥਾ ਠਣ ਗਿਆ। ਚਾਹ ਦਾ ਕੱਪ ਹੇਠ ਰੱਖਕੇ ਮੈਂ ਉਹਨਾਂ ਦੀ ਕਲਾਈ ਫੜੀ।

*(visual – ਬਦਲਦਾ ਹੈ।)*

ਪੁੱਤਰ : ਵਿਖਾਓ, ਬੁਖਾਰ ਤਾਂ ਨਹੀਂ ?

ਬਾਪੂ : ਨਹੀਂ ਬੁਖਾਰ ਵਾਲੀ ਗੱਲ ਕੋਈ ਨਹੀਂ (ਉਦਾਸ ਅੱਖਾਂ ਨਾਲ ਪੁੱਤਰ ਵੱਲ ਵੇਖਦੇ ਹੋਏ।)

ਪੁੱਤਰ : ਲਓ, ਚੂਲੀ ਕਰ ਲੋ, ਚਾਹ ਦਾ ਘੁੱਟ ਲੈ ਲਵੋ, ਫੇਰ ਆਪਾਂ ਕਿਸੇ ਡਾਕਟਰ ਵੱਲ ਚਲਦੇ ਆਂ।

(ਤਕਲੀਫ ਜਿਹੀ ਮਹਿਸੂਸ ਕਰਦੇ ਬਜ਼ੁਰਗ ਚੂਲੀ ਕਰਦੇ ਹਨ ਤੇ ਫੇਰ ਸਹਿਜੇ ਸਹਿਜੇ ਚਾਹ ਪੀਣ ਲਗਦੇ ਹਨ। ਪੁੱਤਰ ਵੱਲੇ ਵੇਖਦੇ ਹਨ, ਕੁਝ ਕਹਿਣ ਲਈ ਉਹਨਾਂ ਦੇ ਬੁੱਲ ਫਰਕਦੇ ਹਨ। ਪਰ ਫੇਰ ਉਹ ਕਿਸੇ ਹੋਰ ਪਾਸੇ ਧਿਆਨ ਕਰ ਲੈਂਦੇ ਹਨ।)

ਬਾਪੂ : ਜਸਬੀਰ ਕਿੱਦਣ ਆਊ ?

ਪੁੱਤਰ : ਕੱਲ੍ਹ ਸ਼ਾਮੀਂ ਆਊ। ਪਰਸੋਂ ਸ਼ਨੀਵਾਰ ਛੁੱਟੀ ਜੁ ਐ। ਕਿਉਂ ?

ਬਾਪੂ : ਉਂਝ ਈ ਜਨਾਨੀਓ ਬਗੈਰ ਕਿੰਨਾ ਸੁੰਨਾ ਲਗਦੈ ਘਰ। ਤਾ ਨਹੀਂ, ਤੈਨੂੰ ਕਿਵੇਂ ਲਗਦੈ ? ਹਫਤੇ 'ਚੋਂ ਪੰਜ ਦਿਨ ਹੱਥ ਤੂੰ ਲੂੰਹਦਾ ਹੈ। ਉਹ ਵੱਖ ਬੇਆਰਾਮੀ ਕਿਵੇਂ ਝਲਦੀ ਐ। ਜੇ ਬਦਲੀ ਨਹੀਂ ਹੁੰਦੀ ਤਾਂ ਨੌਕਰੀ ਛੁੱਡਵਾ ਕਿਉਂ ਨਹੀਂ ਦਿੰਦਾ।

ਪੁੱਤਰ : ਮੈਂ ਵੀ ਉਹੋ ਸੋਚਦਾਂ

*(ਵਕਫਾ – ਬਜ਼ੁਰਗ ਚਾਹ ਦਾ ਘੁੱਟ ਪੀਂਦਾ ਹੈ।)*

ਬਾਪੂ : ਤੁਸੀਂ ਪਤਾ ਨਹੀਂ, ਕਿਹੋ ਜਿਹੇ ਓ ? ਤੇਰੀ ਬੇਬੇ ਤਾਂ ਘਰ ਦਾ ਵਿਸਾਹ ਨਹੀਂ ਸੀ ਖਾਂਦੀ ਹੁੰਦੀ। ਕਿਤੇ ਵਾਂਢੇ ਜਾਂਦੀ ਤਾਂ ਸ਼ਾਮੀਂ ਘਰ ਪਰਤ ਆਉਂਦੀ ਸੀ, ਤੈਨੂੰ ਤਾਂ ਪਤਾ ਈ ਐ, ਉਹ ਘਰ ਕਿਵੇਂ ਵਸਾਇਆ ਸੀ ਉਹਨੇ।

*(ਇਥੇ ਫੇਰ ਘਰ ਦਾ visual – ਬੇਬੇ ਘਰ ਸਵਰ ਰਹੀ ਹੈ।)*

ਬਾਪੂ : ਉਹ ਘਰ ਤਾਂ ਉਹਦੇ ਨਾਲ ਹੀ ਮੁੱਕ ਗਿਆ। ਘਰ ਦੀ ਰੌਣਕ ਤਾਂ ਪੁੱਤ ਜਨਾਨੀ ਨਾਲ ਹੀ ਹੁੰਦੀ ਐ।

*(ਕੈਮਰਾ ਫੇਰ ਪੁੱਤਰ ਦੇ ਕਲੋਜ਼ ਅਪ 'ਤੇ ਆਉਂਦਾ ਹੈ।)*

ਪੁੱਤਰ : ਬੇਸ਼ਕ ਬਾਪੂ ਨੇ ਇਹ ਗੱਲ ਕਈ ਵਾਰ ਕੀਤੀ ਸੀ, ਪਰ ਅੱਜ ਉਹਦੀ ਗੱਲ ਮੈਨੂੰ ਵਧੇਰੇ ਵਜ਼ਨਦਾਰ ਜਾਪੀ।ਉਹ ਰੌਣਕ ਜੋ ਬੇਬੇ ਦੇ ਹੁੰਦਿਆਂ ਪਿੰਡ ਵਾਲੇ ਘਰ ਹੁੰਦੀ ਸੀ ਉਹ ਕਿਤੇ ਦੂਰ ਰਹਿ ਗਈ ਸੀ।

*(ਹੁਣ ਫਲੈਸ਼ ਬੈਕ ਦਾ visual ਹੈ ਭਰਿਆ, ਭਰਿਆ ਘਰ।ਸਵੇਰ ਦਾ ਦ੍ਰਿਸ਼ – ਕੁੱਕੜ ਦੇ ਬਾਂਗ ਦੇਣ ਦੀ ਆਵਾਜ਼, ਲਾਊਡ ਸਪੀਕਰ ਤੋਂ ਪਾਠ ਕਰਨ ਦੀ ਆਵਾਜ਼ – ਬਾਪੂ ਦਾ ਭੱਠੀ ਮਘਾਉਣਾ, ਬੇਬੇ ਦਾ ਚਾਹ ਲਿਆਉਣਾ – ਬਾਪੂ ਜਪੁਜੀ ਸਾਹਿਬ ਦਾ ਪਾਠ ਕਰਦਾ ਨਿੱਕੇ ਨਿੱਕੇ ਕੰਮ ਕਰਦਾ ਜਾਂਦਾ ਹੈ – ਇਸ਼ਨਾਨ – ਭੱਠੀ ਮਘਾਉਣਾ – ਅਹਿਰਨ ਦੇ ਹਥੌੜਿਆਂ ਦੀ ਆਵਾਜ਼, ਬੱਚਿਆਂ ਦਾ ਜਾਗਣ – ਕਰਮਾਂ ਅਤੇ ਉਹਦੀਆਂ ਭੈਣਾਂ – ਬੇਬੇ ਦਾ ਭੱਠੀ ਦਾ ਪੱਖਾ ਚਲਾਉਣਾ।)*

ਬਾਪੂ : ਆਜਾ ਤੇਜ ਕੁਰੇ, ਘੜੀ ਬਹਿ ਜਾ, ਸਾਰਾ ਦਿਨ ਤਾਂ ਸਹੁਰੀ ਦਾ ਭੋਰਾ ਵਿਹਲ ਨਹੀਂ ਲਗਦਾ, ਕੋਈ ਗੱਲ ਤਾਂ ਕਰ।

*(ਬਾਪੂ ਚੌਕੀ ਜਿਹੀ ਉਹਦੇ ਅਗੇ ਕਰਦਾ ਹੈ। ਫੇਰ ਸੰਗੀਤ ਗਲਾਂਕਰਨ ਦਾ – silent ਦ੍ਰਿਸ਼ – ਉਹਨਾਂ ਦੇ ਹੱਸਣ ਦੀ ਆਵਾਜ਼ ਵਿਚ – ਤੇ silent ਫੇਰ ਆਵਾਜ਼ ਵਿਚ ਬਦਲ ਜਾਂਦਾ ਹੈ।)*

ਬਾਪੂ : ਲੈ ਹੁਣ ਉਹ ਗੱਲ ਕਿਥੇ ਰਹਿ ਗਈ – ਮੇਰੇ ਮੁਕਾਬਲੇ ਵਿਚ ਮੇਲੇ ਵਿਚ ਪੱਥਰ ਨਹੀਂ ਸੀ ਕੋਈ ਚੁੱਕ ਸਕਦਾ।

ਮਾਂ : ਤੇ ਮੈਂ ਜੋ ਗਿੱਧੇ ਵਿਚ ਧਮਕ ਪਾਉਂਦੀ ਸੀ, ਉਹਦਾ ਵੀ ਕਿਤੇ ਕੋਈ ਮੁਕਾਬਲਾ ਸੀ ?

ਬਾਪੂ : ਉਹ ਤਾਂ ਦਿਨ ਹੀ ਹੋਰ ਸਨ।

ਮਾਂ : ਹਾਂ ਹੁਣ ਤਾਂ ਜ਼ਮਾਨਾ ਹੀ ਬਦਲ ਗਿਆ ਏ।

ਬਾਪੂ : ਅਸੀਂ ਤਾਂ ਨਹੀਂ ਬਦਲੇ।

*(ਬਾਪੂ ਹਥੌੜਾ ਰਖਕੇ ਬੇਬੇ ਦਾ ਗੁੱਟ ਫੜਦਾ ਹੈ।ਬੇਬੇ ਅਗੇ ਪਿਛੇ ਝਾਕਦੀ ਹੈ।ਪੌਲੇ ਜਿਹੇ ਬਾਂਹ ਛੁਡਾਉਂਦੀ ਹੈ।ਬੁਲ੍ਹ ਘੁੱਟਕੇ ਹੱਸਦੀ ਹੈ ਤੇ ਆਖਦੀ ਹੈ...)*

ਬੇਬੇ : ਕੋਈ ਵੇਖੂ ਤਾਂ ਕੀ ਆਖੂ ? ਨਿਆਣੇ ਜਵਾਨ ਨੇ, ਕੁਝ ਤਾਂ ਖਿਆਲ ਕਰਿਆ ਕਰੋ।

ਬਾਪੂ : ਯਾਦ ਈ, ਲੋਕ ਆਖਦੇ ਸਨ, ਐਨੀ ਸੋਹਣੀ ਲਾਟ ਵਰਗੀ ਤੀਵੀ ਐਸ ਸਿਧੜ ਜਿਹੇ ਤਖਾਣ ਦੇ ਕਿਵੇਂ ਵਸੂ ?

ਬੇਬੇ : ਉਹਨਾਂ ਨੂੰ ਨਹੀਂ ਪਤਾ ਸੀ ਕਿ ਤਖਾਣ ਵਿਚ ਉਹ ਕੁਝ ਏ ਜੋ ਹੋਰਨਾਂ

ਬਹੁਤਿਆਂ ਵਿਚ ਨਹੀਂ।

ਬਾਪੂ : ਤੇ ਫੇਰ ਅਸੀਂ ਤੈਨੂੰ ਆਪਣੇ ਕੋਲ ਵਸਾ ਕੇ ਵਿਖਾਇਆ। ਝਾਕਣ ਦਿਤੈ ਫੇਰ ਕਿਸੇ ਹੋਰ ਵੱਲ ?

ਬੇਬੇ : ਇਹਦੇ ਬਾਰੇ ਤੂੰ ਕਿਵੇਂ ਯਕੀਨ ਨਾਲ ਕਹਿ ਸਕਨਾਂ ਏ ? ਸ਼ਾਇਦ ਮੈਂ ਲੁੱਕ ਲੁੱਕਕੇ ਝਾਂਕਦੀ ਹੀ ਹੋਵਾਂ।

ਬਾਪੂ : ਬੰਦੇ ਨੂੰ ਤੀਵੀ ਬਾਰੇ ਸਭ ਪਤਾ ਹੁੰਦੈ – ਲੈ ਤੀਵੀ ਤੂੰ ਕਮਾਲ ਦੀ ਸੀ। ਪਤਾ ਈ ਕਈਆਂ ਤੇਰੇ ਕਰਕੇ ਹੀ ਮੇਰੇ ਕੋਲ ਸੇਪ ਰਖੀ ਸੀ।

ਬੇਬੇ : ਮੇਰੇ ਕਰਕੇ ਖਾਹਮਖਾਹ ? ਤੇਰਾ ਕੰਮ ਵੇਖਕੇ ਰਖਦੇਹੋਣਗੇ। ਕੰਮ ਤੂੰ ਕਿਤੇ ਘੱਟ ਕਰਦਾ ਸੈਂ – ਤੇ ਹੁਣ ਵੇਖ ਖਾਂ ਡੌਲੇ ਤੇਰੇ ਝੁਰੜੀਆਂ ਛੱਡ ਗਏ।ਆਪ ਕੁਝ ਖਾਂਦਾ ਨਹੀਂ।ਜੋ ਹੁੰਦੈ ਕਹਿੰਦਾ ਏ ਮੁੰਡੇ ਨੂੰ ਖਵਾਈ ਜਾ।

ਬਾਪੂ : ਕਾਲਜ ਪੜਦੈ ਕਰਮਾ ਪਤਾ ਕਿੰਨੀ ਸਿਰ ਖਪਾਈ ਕਰਦਾ ਏ। ਵੇਖੀਂ ਜਦੋਂ ਸਾਡੇ ਪਿੰਡ ’ਚੋਂ ਨਾਂ ਕਮਾਊ। ਅਸੀਂ ਗਰੀਬ ਕੀ ਦੇਣ ਜੋਗੇ ਆਂ।

*(ਬੇਬੇ ਹੱਥ ਉੱਪਰ ਰੱਬ ਵੱਲ ਜੋੜਦੀ ਹੈ।)*

ਬੇਬੇ : ਸਿੱਧੀ ਪਾਈਂ, ਕਮਾਈਆਂ ’ਚ ਬਰਕਤਾਂ ਪਾਈਂ, ਤੰਦਰੁਸਤੀਆਂ ਬਖਸ਼ੀਂ, ਉਲਾਦ ਨੂੰ ਸੁਖ ਮਾਨਣਾ ਦੇਈਂ।

*(ਕੈਮਰਾ ਵਾਪਸ ਫੇਰ ਪੁੱਤਰ ਦੇ ਕਲੋਜ਼ ਅਪ ’ਤੇ ਪਹਿਲੇ ਵਾਲੇ ਕਮਰੇ ’ਚ ਆਉਂਦਾ ਹੈ।)*

ਪੁੱਤਰ : ਇਹ ਸਿਲਸਿਲਾ ਇੰਝ ਹੀ ਚਲਦਾ ਰਿਹਾ। ਬੇਬੇ ਦਾ ਲਿੰਬਿਆ ਪੋਚਿਆ ਘਰ ਉਹਦੇ ਸੁਥਰੇ ਹੋਣ ਦੀ ਸਾਖੀ ਭਰਦਾ ਸੀ।

*(visual – ਵਿਰਾਨ ਹੋਇਆ ਪਹਿਲਾ ਘਰ, ਹੁਣ ਲਿੰਬਿਆ ਪੋਚਿਆ ਹੈ – ਕੰਧਾ ’ਤੇ ਪੇਂਡੂ ਕਲਾ ਦੀ ਚਿੱਤਰਕਾਰੀ ਵੀ ਹੈ।)*

– : ਬਾਪੂ ਦਾ ਕੰਮ ’ਚ ਸਿਰ ਖੁਰਕਣ ਤੋਂ ਵਿਹਲ ਨਾ ਹੋਣਾ ਉਹਦੇ ਚੰਗਾ ਕਾਰੀਗਰ ਹੋਣ ਦਾ ਸਬੂਤ ਦਿੰਦਾ ਸੀ।

*(ਨੋਟ: ਅਗੇ ਸਾਰੇ visual ਪਿਛਲੇ ਕਥਨ ਦੀ ਸਾਕੀ ਭਰਦੇ ਹਨ – ਬਾਪੂ ਤੇਜ਼ੀ ਨਾਲ ਕੰਮ ਕਰਦਾ ਹੈ।)*

ਬਾਪੂ : (ਕਿਸਾਨ ਨੂੰ) ਤੂੰ ਇਥੇ ਰੱਖ ਜਾ, ਸ਼ਾਮ ਨੂੰ ਤਿਆਰ ਲੈ ਲਈਂ।

ਕਿਸਾਨ : ਮੈਂ ਅੱਜ ਕੰਮ ਮੁਕਾਕੇ ਕੱਲ ਵਾਂਢੇ ਜਾਣਾ ਏ।

ਬਾਪੂ : ਫੇਰ ਚਲਿਆ ਜਾਈਂ, ਇਹਦੇ ਕਰਕੇ ਤੇਰਾ ਕੰਮ ਨਹੀਂ ਰੁਕਿਆ ਹੋਇਆ।

ਕਿਸਾਨ : ਅੱਛਾ-ਅੱਛਾ ਜਦੋਂ ਮਰਜ਼ੀ ਕਰ ਦੇਈਂ।

*(ਬੰਦਾ ਚਲਿਆ ਜਾਂਦਾ ਹੈ, ਬਾਪੂ ਕੰਮ ਕਰਦਾ ਜਾਂਦਾ ਹੈ।)*

ਆਵਾਜ਼ : ਹਰ ਛਿਮਾਹੀ ਦਾਨਿਆਂ ਨਾਲ ਭੜੋਲੇ ਭਰ ਜਾਂਦੇ।

*(visual - ਬੇਬੇ ਭੜੋਲੇ 'ਚ ਦਾਣੇ ਕੱਢਕੇ ਸੁੱਕਣੇ ਪਾਉਂਦੀ ਹੈ।)*

ਆਵਾਜ਼ : ਪੱਠਾ ਦੱਥਾ ਵੱਖ ਆ ਜਾਂਦਾ।

*(visual - ਘਰ ਮੱਝ ਪੱਠੇ ਖਾ ਰਹੀ ਹੈ।)*

ਆਵਾਜ਼ : ਬੇਬੇ ਹਰ ਆਏ ਗਏ ਨੂੰ ਚਾਹਵਾਂ ਲੱਸੀਆਂ ਪਿਆਉਂਦੀ। ਬਾਪੂ ਦਾ ਚਹੁੰ ਬੰਦਿਆਂ 'ਚ ਉੱਠਣ ਬਹਿਣ ਵੇਖਕੇ ਪ੍ਰਸੰਨ ਹੁੰਦੀ।

*(visual - ਬਾਪੂ ਚਾਰ ਬੰਦਿਆਂ ਨਾਲ ਬੈਠ ਕੇ ਗੱਪਾਂ ਮਾਰ ਰਿਹਾ ਹੈ। ਬੇਬੇ ਚਾਹ ਦੀ ਗੜਵੀ ਫੜਾਉਂਦੀ ਹੈ।)*

ਆਵਾਜ਼ : ਸ਼ਾਮ ਦਾ ਵੇਲਾ

*(visual)*

ਬਾਪੂ : (ਜੁੱਤੀ ਪਾਉਂਦਾ ਹੋਇਆ) ਕਰਮੇ ਦੀ ਬੇਬੇ ਬਾਰ ਬੰਦ ਕਰ ਲਈ, ਮੈਂ ਥੋੜੀ ਦੇਰ ਨੂੰ ਆਉਣਾ ਏ।

ਬੇਬੇ : ਬਸ ਅੱਜ ਫੇਰ ਘੁੱਟ ਲਾਉਣ ਦੀ ਸਲਾਹ ਹੋਣੀ ਏ।

ਆਵਾਜ਼ : ਕਦੇ ਕਦੇ ਜਦ ਬਾਪ ਦੋ ਕੁ ਘੁੱਟ ਦਾਰੂ ਪੀਕੇ ਅੱਪਲ ਟਪਲੀਆਂ ਮਾਰਦਾ ਤਾਂ ਬੇਬੇ ਬਿਨਾਂ ਗੁੱਸਾ ਕਰਦੀ ਉਹਨੂੰ ਝਾੜਦੀ।

*(visual - ਬਾਪੂ ਥੋੜਾ ਲੜਖੜਾ ਰਿਹਾ ਹੈ।)*

ਬੇਬੇ : ਸੰਗ ਦਾ ਘਾਟਾ ਐ ਇਹਨੂੰ, ਪਤਾ ਨਹੀਂ ਚੌਥੇ ਕੁ ਦਿਨ ਕਿਥੋਂ ਮੂੰਹ ਲਾਕੇ ਆ ਜਾਂਦੈ।

ਆਵਾਜ਼ : ਪਰ ਮੈਂ ਬਾਪੂ ਤੇ ਬੇਬੇ ਨੂੰ ਕਦੇ ਝਗੜਦਿਆਂ ਨਹੀਂ ਸੀ ਵੇਖਿਆ। ਇਹ ਨਿੱਘ, ਇਕ ਮਿਠਾਸ ਘਰ 'ਚ ਹਮੇਸ਼ਾਂ ਭਰੀ ਰਹਿੰਦੀ।

*(visual - ਖੁਸ਼ ਟੱਬਰ ਦੇ ਵੱਖ-ਵੱਖ ਦ੍ਰਿਸ਼ - ਬੱਚਿਆਂ ਦਾ ਖੇਡਣ ਟਪਣ ਦਾ ਦ੍ਰਿਸ਼, ਫਿਰ ਕੈਮਰਾ ਪਹਿਲੇ ਵਾਲੀ ਥਾਂ 'ਤੇ)*

ਪੁੱਤਰ : ਏਸੇ ਮਾਹੌਲ 'ਚ ਦੋਹਾਂ ਭੈਣਾਂ ਦੇ ਵਿਆਹ ਹੋਏ। ਮੈਂ ਪੜ੍ਹਾਈ ਮੁਕਾਈ। ਨੌਕਰੀ ਲਗੀ। ਸਰਕਾਰੀ ਹਸਪਤਾਲ 'ਚ ਸਟਾਫ ਨਰਸ ਲਗੀ ਕੁੜੀ ਨਾਲ ਵਿਆਹ ਹੋਇਆ। ਖੇੜਿਆਂ ਭਰੇ ਮਾਹੌਲ ਨੂੰ ਛਡਕੇ ਮੈਂ ਸ਼ਹਿਰ ਦੀ ਇਕ ਤੰਗ ਗਲੀ 'ਚ ਕਿਰਾਏ ਦੇ ਮਕਾਨ 'ਚ ਰਹਿਣ ਲਗਾ, ਦੁਨੀਆ ਹੀ ਬਦਲ ਗਈ। ਉਧਰ ਬੇਬੇ ਦੇ ਮਰਨ 'ਤੇ ਪਿੰਡ ਵਿਚ ਬਾਪੂ ਦੀ ਜ਼ਿੰਦਗੀ ਬਦਲ ਗਈ। ਬਾਪੂ ਕਦੀ ਕਦਾਈਂ ਭੱਠੀ

ਭਖਾਉਂਦਾ।

(ਦ੍ਰਿਸ਼ ਸੁੰਨਾ ਘਰ – ਬਾਪੂ ਉਦਾਸ ਬੈਠਾ ਹੈ, ਸੇਪ ਵਾਲਾ ਕਿਸਾਨ ਆਉਂਦਾ ਹੈ)

ਕਿਸਾਨ : ਕਿਉਂ ? ਭੱਠੀ ਨਹੀਂ ਭਖਦੀ ?

ਬਾਪੂ : ਬਸ ਚਿੱਤ ਰਾਜ਼ੀ ਨਹੀਂ।

ਕਿਸਾਨ : ਤੂੰ ਤਾਂ ਬੜਾ ਗ਼ਮ ਲਾਇਐ। ਇਉਂ ਥੋੜਾ ਸਮਾਂ ਕੱਟਣਾ ਏ ?

ਬਾਪੂ : ਆਪੇ ਕੱਟ ਜਾਊ। ਬਾਕੀ ਹਜ਼ਾਰਾ ਸਿਆਂ, ਮੇਰੀ ਹੱਥ ਜੋੜਕੇ ਅਰਜ਼ ਏ ਕਿ ਹੁਣ ਮੇਰੇ ਕੋਲੋਂ ਸੇਪ ਨਹੀਂ ਹੋਣੀ, ਆਪਣੀ ਦੂਜੀ ਪੱਤੀ ਵਿਚ ਰਤਨ ਸਿੰਘ ਨਾਲ ਸੇਪ ਕਰ ਲਵੋ।

ਪੁੱਤਰ : ਮੈਂ ਹਫਤੇ ਦੋ ਹਫਤੇ ਪਿੰਡ ਜਾਂਦਾ। ਲਿੰਬਿਆ ਪੋਚਿਆ ਤੇ ਸਾਫ ਰਹਿਣ ਵਾਲਾ ਵਿਹੜਾ ਭ੍ਰਿਸ਼ਟਿਆ ਤੇ ਅਣ ਸੰਬਰਿਆ ਪਿਆ ਰਹਿੰਦਾ। ਇਕ ਵਾਰੀ ਵਾਪਸ ਆਇਆ ਤਾਂ ਪਤਨੀ ਨੇ ਪੁਛਿਆ...

*(ਸ਼ਹਿਰ ਦੇ ਘਰ ਦਾ ਦ੍ਰਿਸ਼।)*

ਜਸਬੀਰ : ਕੀ ਹਾਲ ਏ ਬਾਪੂ ਜੀ ਦਾ ?

ਪੁੱਤਰ : ਬਸ ਠੀਕ ਹੀ ਏ।

ਜਸਬੀਰ : ਕੀ ਮਤਲਬ ?

ਪੁੱਤਰ : ਚਾਚਾ ਦਸਦਾ ਸੀ ਕਿ ਬਾਪੂ ਹੁਣ ਕਦੇ ਕਦਾਈ ਹੀ ਭੱਠੀ ਮਘਾਉਂਦਾ ਏ।

ਜਸਬੀਰ : ਬਾਪੂ ਹੋਰਾਂ ਨੂੰ ਹੁਣ ਕੰਮ ਕਰਨ ਦੀ ਲੋੜ ਪਈ ਏ ? ਤੁਸੀਂ ਉਹਨਾਂ ਨੂੰ ਮਨਾ ਲਿਆਓ, ਇਥੇ ਆ ਜਾਣ।

ਪੁੱਤਰ : ਨਹੀਂ ਮੰਨਦੇ, ਮੇਰੀ ਇਕ ਗੱਲ ਤੂੰ ਮੰਨ। ਅਗਲੀ ਵਾਰ ਮੇਰੇ ਨਾਲ ਚਲੀਂ। ਇਕ ਵਾਰੀ ਸਾਰਾ ਘਰ ਫੇਰ ਸੰਬਰ ਆਵਾਂਗੇ। ਬਾਪੂ ਹੋਰੀਂ ਵੀ ਖੁਸ਼ ਹੋ ਜਾਣਗੇ।

ਜਸਬੀਰ : ਨਾ ਬਾਬਾ, ਮਸਾਂ ਸਨੀਚਰਵਾਰ ਦੀ ਛੁੱਟੀ ਹੁੰਦੀ ਏ, ਆਪਣੇ ਸੌ ਕੰਮ ਇਸੇ ਤਰ੍ਹਾਂ ਪਏ ਰਹਿੰਦੇ ਨੇ। ਮੈਂ ਤਾਂ ਤੁਹਾਡੇ ਨਾਲ ਹੋਰ ਗੱਲ ਕਰਨੀ ਸੀ।

ਪੁੱਤਰ : ਕੀ ?

ਜਸਬੀਰ : ਜਦੋਂ ਪਿੰਡ ਜਾਓ, ਬਾਪੂ ਜੀ ਨਾਲ ਗੱਲ ਕਰੋ, ਉਹ ਫਿਰਨੀ ਵਾਲੀ ਕਨਾਲ ਥਾਂ ਵੇਚ ਕਿਉਂ ਨਹੀਂ ਦੇਂਦੇ। ਉਸ ਪੈਸੇ ਨਾਲ ਘੱਟੋ ਘੱਟ ਸ਼ਹਿਰ ਦੇ ਬਾਹਰ ਕਿਸੇ ਨਵੀਂ ਕਲੋਨੀ ਵਿਚ ਪਲਾਟ ਤਾਂ ਲੈ ਹੀ ਸਕਦੇ ਹਾਂ।

ਪੁੱਤਰ : ਮੈਂ ਬਾਪੂ ਹੋਰਾਂ ਨਾਲ ਗੱਲ ਨਹੀਂ ਕਰ ਸਕਦਾ।

ਜਸਬੀਰ : ਚੱਲ ਮੈਂ ਕਰ ਲਵਾਂਗੀ।

ਪੁੱਤਰ : ਹੁਣੇ ਕਹਿੰਦੀ ਸੀ, ਪਿੰਡ ਨਹੀਂ ਜਾਣਾ।

ਬੇਬੇ : ਪਰ ਕੰਮ ਹੋਵੇ ਤਾਂ ਜਾਣਾ ਹੀ ਪੈਂਦਾ ਏ।

*(ਪਿੰਡ ਦੇ ਘਰ ਦਾ ਦ੍ਰਿਸ਼।)*

ਬਾਪੂ : ਐਤਕੀ ਜਸਬੀਰ ਵੀ ਆਈ ਏ ਸੁੱਖ ਨਾਲ।

ਪੁੱਤਰ : ਬਾਪੂ ਜੀ ਤੁਹਾਨੂੰ ਲੈਣ ਆਈ ਏ।

ਜਸਬੀਰ : ਆਹੋ ਬਾਪੂ ਜੀ, ਹੁਣ ਤੁਹਾਡਾ ਇਥੇ ਇਕੱਲਿਆਂ ਦਾ ਕੀ ਏ ?

ਬਾਪੂ : ਪਰ ਉਥੇ ਵੀ ਮੇਰਾ ਜੀਅ ਨਹੀਂ ਲਗਣਾ। ਇਹ ਥਾਂ ਭਾਵੇਂ ਉਜੜੀ ਏ ਪਰ ਫੇਰ ਵੀ ਆਪਣੀ ਏ (ਥੋੜਾ ਜਿਹਾ ਵਕਫਾ) ਹਾਂ ਪਿਛਲੀ ਵਾਰ ਜਦੋਂ ਤੂੰ ਆਇਆ ਸੀ, ਮੈਨੂੰ ਗੱਲ ਕਰਨੀ ਯਾਦ ਨਹੀਂ ਰਹੀ ਸੀ, ਤੁਹਾਡੀ ਬੇਬੇ ਨੇ ਮਰਨ ਤੋਂ ਕੁਝ ਦਿਨ ਪਹਿਲਾਂ ਗੱਲ ਕੀਤੀ ਸੀ।

ਪੁੱਤਰ : ਕੀ ਬਾਪੂ ?

*(ਫਲੈਸ਼ ਬੈਕ)*

ਮਾਂ : ਕਰਮੇ ਦੇ ਬਾਪੂ, ਮੁੰਡਾ ਸ਼ਹਿਰ ਵਿਚ ਕਿਰਾਏ ਵਾਲੇ ਘਰ ਰਹਿੰਦਾ ਏ, ਕਿਉਂ ਨਾ ਉਹ ਫਿਰਨੀ ਵਾਲੀ ਜ਼ਮੀਨ ਵੇਚ ਦੇਈਏ।

*(ਫਲੈਸ਼ ਬੈਕ ਵਾਪਸ)*

ਬਾਪੂ : ਮਿੰਦਰ ਸੁੰਹ ਆਪਣੀ ਕਨਾਲ ਥਾਂ ਲੈਣ ਲਈ ਆਖਦਾ ਸੀ, ਕਿਵੇਂ ਕਰਨੈ ?

*(ਕੈਮਰਾ ਜਸਬੀਰ ਦਾ ਪ੍ਰਤੀਕਰਮ ਰੀਕਾਰਡ ਕਰਦਾ ਹੈ।)*

ਪੁੱਤਰ : ਬਾਪੂ ਜੀ, ਤੁਸੀਂ ਆਪ ਸਿਆਣੇ ਹੋ ਜਿਵੇਂ ਮਰਜ਼ੀ ਕਰੋ।

ਬਾਪੂ : ਜਾਹ ਫੇਰ ਉਹਦੇ ਨਾਲ ਗੱਲ ਕਰ ਆ, ਮੈਂ ਉਹਨੂੰ ਕਿਹਾ ਸੀ ਕਿ ਕਰਮ ਸਿਉਂ ਆਏਗਾ ਤਾਂ ਗੱਲ ਕਰੇਗਾ। ਭਾਅ ਵਿਚ ਬਹੁਤਾ ਨਾ ਪਈਂ, ਤੈਨੂੰ ਪਤਾ ਏ ਪਿੰਡ ਦੀ ਸਾਂਝ ਏ।

ਪੁੱਤਰ : ਅੱਛਾ ਬਾਪੂ ਜੀ।

ਬਾਪੂ : ਜਸਬੀਰ ਵੀ ਉਹਨਾਂ ਦੇ ਹੋ ਆਏ। ਮਿੰਦਰ ਸਿੰਘ ਦੇ ਘਰੋਂ ਬੜਾ ਮਿਲਣ ਲਈ ਆਖਦੀ ਸੀ।

*(ਜਸਬੀਰ ਚਾਹ ਲਿਆ ਕੇ ਦੇਂਦੀ ਹੈ।)*

ਬਾਪੂ : ਵੇ ਪੁੱਤ ਸ਼ਹਿਰ ਹੀ ਰਹਿਣੈ ਤਾਂ ਆਪਣਾ ਅਹੁੜ ਪਹੁੜ ਕਰ ਲਓ, ਕੁਝ ਤੇਰੀ ਬੇਬੇ ਦੀਆਂ ਟੂੰਮਾ ਵੀ ਪਈਆ ਨੇ, ਜੇ ਉਹ ਵੀ ਲਗਾਉਣੀਆਂ ਪੈਣ ਤਾਂ ਲਾਕੇ ਥਾਂ ਵਲ ਲਓ, ਕਮਰਾ ਕੋਈ ਛੱਤ

ਲਵੋ, ਘੱਟੋ ਘੱਟ ਕਿਰਾਏ ਤੋਂ ਤਾਂ ਬਚੇ ਰਹੋਗੇ।

**(ਅਗਲਾ ਦ੍ਰਿਸ਼**

(ਇਕ ਮਕਾਨ ਦੀ ਉਸਾਰੀ ਹੋ ਰਹੀ ਹੈ। ਮਿਸਤਰੀ ਲਗੇ ਹੋਏ ਹਨ। ਬਾਪੂ ਜੀ ਕੁਰਸੀ 'ਤੇ ਬੈਠੇ ਹਨ।)

*(ਹੋਰ ਅਗਲਾ ਦ੍ਰਿਸ਼)*

*(ਜਸਬੀਰ ਤੇ ਕਰਮ ਸਿੰਘ ਗੱਲਾਂ ਕਰ ਰਹੇ ਹਨ। ਨਵੇਂ ਘਰ ਦਾ ਇਕ ਕਮਰਾ ਹੈ।)*

ਕਰਮ ਸਿੰਘ : ਚਲ ਬਾਪੂ ਜੀ ਦੇ ਆਉਣ ਦਾ ਇਕ ਫਾਇਦਾ ਤਾਂ ਹੋ ਗਿਆ। ਘਰ ਦਾ ਬੂਹਾ ਤਾਂ ਖੁਲ੍ਹਾ ਹੀ ਰਹੇਗਾ ਭਾਵੇਂ ਮੈਂ ਸੋਚਦਾ ਹਾਂ ਕਿ ਬਾਪੂ ਜੀ ਨੂੰ ਉਸ ਆਲੇ ਦੁਆਲੇ ਤੋਂ ਕੱਢਕੇ ਅਸੀਂ ਕੋਈ ਚੰਗਾ ਨਹੀਂ ਕੀਤਾ। ਉਹ ਬਹੁਤ ਖੁਸ਼ ਨਹੀਂ ਲਗਦੇ।

ਜਸਬੀਰ : ਫੇਰ ਛੱਡ ਆਵੋ, ਮੇਰਾ ਤਾਂ ਕੁਝ ਨਹੀਂ ਸੁਆਰਦੇ, ਨਾਲੇ ਤੁਸੀਂ ਬਾਪੂ ਜੀ ਨੂੰ ਕਵੋ ਇਸ ਤਰ੍ਹਾਂ ਵਿਹੜੇ ਵਿਚ ਖੰਘਾਰ ਤਾਂ ਨਾ ਸੁਟਿਆ ਕਰਨ।

ਪੁੱਤਰ : ਮੈਂ ਤਰੀਕੇ ਨਾਲ ਕਹਿ ਦੇਵਾਂਗਾ।

ਜਸਬੀਰ : ਇਸ ਵਿਚ ਤਰੀਕੇ ਵਾਲੀ ਕਿਹੜੀ ਗੱਲ ਏ ? ਜੇ ਤੁਹਾਡੇ ਕੋਲੋਂ ਨਹੀਂ ਇਹ ਹੁੰਦਾ ਤਾਂ ਮੈਂ ਕਹਿ ਲਵਾਂਗੀ।

ਪੁੱਤਰ : ਕਹਿ ਲਵੀਂ ਇਸੇ ਬਹਾਨੇ ਉਹਨਾਂ ਨਾਲ ਗੱਲ ਤਾਂ ਕਰੇਂਗੀ। ਉਹ ਤਾਂ ਤਰਸ ਜਾਂਦੇ ਨੇ ਕਿ ਤੂੰ ਉਹਨਾਂ ਨਾਲ ਗੱਲ ਕਰੇਂ।

ਜਸਬੀਰ : ਮੈਂ ਬਾਪੂ ਜੀ ਨਾਲ ਕਿਹੜੀਆਂ ਫੁੰਮਣੀਆਂ ਪਾਇਆ ਕਰਾਂ।

ਪੁੱਤਰ : ਘੱਟੋ ਘੱਟ ਚਾਹ ਪਾਣੀ ਦੇਣ ਲਗਿਆਂ, ਕਹਿਕੇ ਫੜਾਇਆ ਕਰ, ਊਂਈ ਨਾ ਰੱਖ ਆਇਆ ਕਰ, ਤੇਰਾ ਵੀ ਤਾਂ ਕੋਈ ਫਰਜ਼ ਐ।

ਜਸਬੀਰ : ਮੈਨੂੰ ਪਤਾ ਏ ਮੇਰਾ ਫਰਜ਼, ਹੋਰ ਬੜੇ ਕੰਮ ਨੇ ਮੈਨੂੰ।

*(ਵਕਫਾ)*

ਬਾਪੂ : ਕੀ ਆਖਦੀ ਸੀ ਜਸਬੀਰ ਪੁੱਤ ? ਕਰਮ ਸਿਆਂ ਇਹਨੂੰ ਵੀ ਚੈਨ ਦੀ ਰੋਟੀ ਖਾਣ ਦੇਹ, ਸਾਡੇ ਵੇਲਿਆਂ 'ਚ ਜ਼ਨਾਨੀ ਦੀ ਕਮਾਈ ਨੂੰ ਮਾੜਾ ਸਮਝਦੇ ਸੀ, ਤੂੰ ਕਾਹਦੇ ਲਈ ਏਹਨੂੰ ਏਨੀਂ ਭਕਾਈ ਕਰਨ ਦੇਨਾ ਏਂ ਤੇਰੀ ਕਮਾਈ ਨਾਲ ਘਰ ਨਾ ਤੁਰੂ ? ਤੇਰੀ ਬੇਬੇ ਤੇ ਮੈਂ ਕਿਤੇ ਮਾੜਾ ਜੀਵੇਂ ਆਂ।

*(ਕੈਮਰਾ ਜਸਬੀਰ ਉਤੇ)*

ਜਸਬੀਰ : ਬਾਪੂ ਜੀ ਮੁੜ ਤੁੜਕੇ ਬੇਬੇ ਦੀ ਹੀ ਗੱਲ ਕਰਨਗੇ।

ਪੁੱਤਰ : (ਕਲੋਜ਼ ਅੱਪ) ਹੁਣ ਬਾਪੂ ਜੀ ਨਹੀਂ ਰਹੇ। ਘੜੀਆਂ ਪੱਲਾ 'ਚ ਸਾਰੀ ਖੇਡ ਸਮਾਪਤ ਹੋ ਗਈ ਏ। ਇਕ ਬਿਲਕੁਲ ਓਪਰੇ ਆਲੇ ਦੁਆਲੇ 'ਚ। ਜਦੋਂ ਬੇਬੇ ਮਰੀ ਸੀ ਤਾਂ ਮਰਨ ਤੋਂ ਬਾਅਦ ਸਸਕਾਰ ਤੋਂ ਪਹਿਲਾਂ ਕਿਸ ਤਰ੍ਹਾਂ ਤਾਤਾਂ ਲਗਿਆ ਰਿਹਾ ਸੀ ਤੇ ਫੇਰ ਕਿੰਨੇ ਦਿਨ ਲੋਕ ਆਂਦੇ ਰਹੇ ਸਨ। ਤੇ ਇਥੇ ਸਭ ਕੁਝ ਗਿਆ ਉਪਰ।

*(ਪਿੰਡ ਦਾ ਬੇਬੇ ਦੇ ਮਰਨ ਦਾ ਦ੍ਰਿਸ਼ ਅਪਣਤਾ ਦਿਖਾਉਂਦਾ ਹੋਇਆ।)*

## ਸੀਨ

(ਮ੍ਰਿਤਕ ਦੇਹ ਕੋਲ ਬੈਠੇ ਲੋਕਾਂ ਦੀ ਗੱਲਬਾਤ)

ਇਕ : ਬਿਮਾਰ ਸਨ ?

ਦੋ : ਕੋਈ ਪਤਾ ਲਗਦੈ ਜੀ, ਸਾਹ ਦੀ ਕੱਚੀ ਤੰਦ ਕਦ ਟੁੱਟ ਜਾਏ।

ਇਕ : ਬੰਦਾ ਤਾਂ ਐਥੇ ਮੇਰੀ ਮੇਰੀ ਕਰਦਾ ਏ।

ਤਿੰਨ : ਮਾਪਿਆਂ ਦਾ ਬੜਾ ਆਸਰਾ ਹੁੰਦਾ ਏ ਜੀ, ਏ ਨੀਂ ਮੁੜ ਲੱਭਦਾ।

ਚਾਰ : ਹੁਣ ਹੌਸਲਾ ਕਰੋ, ਦਿਲ ਨਾ ਛਡੋ।

ਦੋ : ਰਿਸ਼ਤੇਦਾਰ ਨੂੰ ਉਡੀਕਦਿਆਂ ਤੇ ਹੋਰ ਪ੍ਰਬੰਧ ਕਰਦਿਆਂ ਡੇਢ ਦੋ ਤਾਂ ਵੱਜ ਹੀ ਜਾਣਗੇ। ਸਾਡੀ ਕਲੋਜਿੰਗ ਚਲ ਰਹੀ ਏ। ਮੈਨੂੰ ਜ਼ਰਾ ਬੈਂਕ ਹਾਜ਼ਰੀ ਭਰਨੀ ਪੈਣੀ ਏ, ਤੱਦ ਤੱਕ ਤਾਂ ਮੈਂ ਪਹੁੰਚ ਹੀ ਜਾਵਾਂਗਾ।

- ਸਾਰੇ ਉਠਕੇ ਜਾਂਦੇ ਹਨ।
- ਕਰਮ ਸਿੰਘ 'ਕੱਲਾ ਬੈਠਾ ਹੈ।
- ਪੱਖਾ ਚੱਲ ਰਿਹਾ ਹੈ।
- ਪਰਦਾ ਹਿਲ ਰਿਹਾ ਹੈ

*(ਵਰਮਾ ਆਉਂਦਾ ਹੈ।)*

ਵਰਮਾ : ਕਰਮ ਸਿੰਘ ਜੀ, ਭੈਣਾਂ ਨੂੰ ਤਾਰਾਂ ਦੇ ਦਿੱਤੀਆਂ ਨੇ, ਤੁਹਾਡੇ ਦਫਤਰ ਵੀ ਆਖ ਆਇਆ ਹਾਂ। ਮੇਰਾ ਖਿਆਲ ਐ ਸੇਵਾ ਸੰਮਤੀ ਵਾਲਿਆਂ ਦੀ ਗੱਡੀ ਹੀ ਲੈ ਆਈਏ। ਬਾਕੀ ਸਮਾਨ ਤਾਂ ਸੀਤਲਾ ਮੰਦਰੋਂ ਹੀ ਮਿਲ ਜਾਂਦਾ ਏ, ਹੋਰ ਕੋਈ ਸਮੱਸਿਆ ਤਾਂ ਨਹੀਂ ?

ਕਰਮ : ਨਹੀਂ ਹੋਰ ਤਾਂ ਕੋਈ ਨਹੀਂ।

ਵਰਮਾ : ਜੇ ਹੈ ਤਾਂ ਬੇਝਿੱਜਕ ਦਸੋ।

ਕਰਮ : ਜੇ ਹੋਵੇਗੀ ਤਾਂ ਤੁਹਾਨੂੰ ਹੀ ਕਹਾਂਗੇ। ਇਸ ਵੇਲੇ ਤਾਂ ਮੈਨੂੰ ਤੁਹਾਡਾ

ਹੀ ਆਸਰਾ ਏ।

ਵਰਮਾ : ਕੋਈ ਗੱਲ ਹੀ ਨਹੀਂ ਭਾ ਜੀ, ਹਰ ਤਰ੍ਹਾਂ ਤੁਹਾਡੇ ਨਾਲ ਆਂ, ਜੇ ਕਹੋ ਤਾਂ ਮੈਂ ਸੇਵਾ ਸੰਮਤੀ ਦੇ ਦਫਤਰ ਵੀ ਹੋ ਆਵਾਂ।

ਕਰਮ : ਜਿਵੇਂ ਤੁਸੀਂ ਚਾਹੋ।

ਵਰਮਾ : ਫੇਰ ਮੈਂ ਗਿਆ ਤੇ ਆਇਆ। ਬਸ ਘੜੀ ਕੁ ਸਕੂਲ ਜਾਣੈ ਸਾਡੇ ਸੈਮੀਨਾਰ ਜਿਹੇ ਚਲ ਰਹੇ ਐ। ਊਂ ਤਾਂ ਭਾਵੇਂ ਨਾ ਵੀ ਜਾਈਏ, ਪਰ ਮੈਂ ਸੋਚਿਐ ਪੰਜ ਦਸ ਮਿੰਟ ਮੂੰਹ ਵਿਖਾਲ ਆਵਾਂ। ਆਉਂਦਾ ਸੀਤਲਾ ਮੰਦਰ ਹੁੰਦਾ ਆਊਂ।

*(ਵਰਮਾ ਜਾਂਦਾ ਹੈ)*

– ਕਰਮ ਸਿੰਘ ਫੇਰ ਇਕੱਲਾ ਹੈ
– ਪੱਖਾ ਚਲ ਰਿਹਾ ਹੈ
– ਪਰਦਾ ਹਿਲ ਰਿਹਾ ਐ

*(ਵਰਮਾ ਦੀ ਬੀਵੀ ਆਉਂਦੀ ਹੈ)*

ਬੀਵੀ : ਭਰਾ ਜੀ ਤੁਹਾਡੇ ਫਾਦਰ ਸਾਹਿਬ ਵੱਲੋਂ ਤਾਂ ਬੜੀ ਮਾੜੀ ਗੱਲ ਹੋਈ।

ਕਰਮ : (ਚੁੱਪ)

ਬੀਵੀ : ਇਹਨਾਂ ਨੇ ਦੱਸਿਆ ਤਾਂ ਸੱਚੀ ਬੜਾ ਦੁੱਖ ਹੋਇਐ। ਬਹੁਤ ਚੰਗੇ ਸੀ ਵਿਚਾਰੇ।

ਕਰਮ : (ਚੁੱਪ)

ਬੀਵੀ : ਆਹ ਲਓ, ਦੋ ਕੁ ਘੁੱਟ ਚਾਹ ਪੀ ਲਓ।

ਕਰਮ : ਚਾਹ ਦੀ ਉੱਕਾ ਲੋੜ ਨਹੀਂ ਸੀ। ਇਹ ਕਾਹਦੇ ਲਈ ਖੇਚਲ ਕੀਤੀ।

ਬੀਵੀ : ਲਓ ਖੇਚਲ ਕਾਹਦੀ ਐ ਭਰਾਜੀ, ਖਾਣਾ ਪੀਣਾ ਤਾਂ ਉਸਦਾ ਹੀ ਛੁੱਟਦਾ ਏ, ਜਿਹੜਾ ਤੁਰ ਜਾਂਦੈ। ਜੀਂਦੇ ਜੀ ਤਾਂ ਭਰਾ ਜੀ ਕੁਝ ਨਹੀਂ ਛੁਟਦੈ।

*(ਕਰਮ ਚਾਹ ਲੈ ਲੈਂਦਾ – ਚਾਹ ਦਾ ਘੁੱਟ ਪੀਂਦਾ ਹੈ ਤਾਂ ਇਕ ਸੀਨ ਚਾਹ ਦੇ ਪਿਆਲੇ ਤੋਂ ਹੀ ਨਿਕਲਦਾ ਹੈ, ਜਦੋਂ ਬਾਪੂ ਚਾਰ ਦੋਸਤਾਂ ਵਿਚ ਬੈਠਾ ਚਾਹ ਪੀ ਰਿਹਾ ਹੈ।)*

*(ਫਲੈਸ਼ ਬੈਕ)*

ਬਾਪੂ : ਲੈ ਬੰਦੇ ਲਈ ਮਰਨ 'ਚ ਸੁਆਦ ਤਾਂ ਹੈ, ਜੇ ਚਾਰ ਬੰਦੇ ਦੇਹ ਨੂੰ ਮੋਢਾ ਦੇਣ ਵਾਲੇ ਹੋਣ, ਪਿਛੋਂ ਵੱਡੀ ਗਿਣਤੀ ਵਿਚ ਲੋਕ ਤੁਰਦੇ ਹੋਣ – ਮੈਂ ਤਾਂ ਕਰਮ ਸਿੰਘ ਨੂੰ ਕਿਹਾ ਏ ਕਿ ਮੇਰਾ ਦੇਹ ਸੰਸਕਾਰ ਪਿੰਡ ਹੀ ਕਰੀਂ, ਜਿਥੇ ਉਸਦੀ ਬੇਬੇ ਦਾ ਹੋਇਆ ਸੀ।

*(ਫਲੈਸ਼ ਬੰਦ)*

- ਕਰਮ ਸਿੰਘ 'ਕੱਲਾ ਬੈਠਾ ਹੈ।
- ਪੱਖਾ ਚੱਲ ਰਿਹਾ ਹੈ।
- ਪਰਦੇ ਹਿਲ ਰਹੇ ਹਨ।

*(ਜਸਬੀਰ ਆਉਂਦੀ ਹੈ – ਇਕ image ਜਿਹੀ ਕਰਮ ਸਿੰਘ ਦੇ ਮਨ ਵਿਚ ਆਉਂਦੀ ਹੈ, ਜਦੋਂ ਜਸਬੀਰ ਧਾਹਾਂ ਮਾਰਦੀ ਆਉਂਦੀ ਹੈ। ਆਂਢ ਗੁਆਂਢ ਦੀਆਂ ਉਹਨੂੰ ਸੰਭਾਲਦੀਆਂ ਹਨ ਪਰ ਫੇਰ ਉਹ image ਗਾਇਬ ਹੋ ਜਾਂਦੀ ਹੈ। ਜਸਬੀਰ ਬੜੇ ਠੰਡੇ ਤਰੀਕੇ ਨਾਲ ਸਭ ਕੁਝ ਕਰਦੀ ਚਾਦਰ ਥੱਲੇ ਚਿਹਰੇ ਨੂੰ ਵੇਖਦੀ ਏ।)*

ਜਸਬੀਰ : ਜੇ ਰਾਤੀਂ ਢਿੱਲੇ ਸਨ ਤਾਂ ਫੋਨ ਕਿਉਂ ਨਾ ਕੀਤਾ? ਡਾਕਟਰ ਨੂੰ ਸੱਦ ਲੈਣਾ ਸੀ। ਕਿੰਨੇ ਵਜੇ ਡੈਥ ਹੋਈ? ਭੈਣਾਂ ਵੱਲ ਤਾਰਾਂ ਦੇ ਦਿੱਤੀਆਂ ਹਨ? ਕਿਸ ਕਿਸ ਨੂੰ ਸੁਨਿਹਾ ਭੇਜਿਆ?

*(ਵਕਫਾ)*

ਕਰਮ : ਜਸਬੀਰ, ਮੇਰਾ ਖਿਆਲ ਐ, ਬਾਪੂ ਜੀ ਦੀ ਦੇਹ ਪਿੰਡ ਲੈ ਚਲੀਏ। ਉਥੇ ਹੀ ਸਸਕਾਰ ਕਰਨਾ ਠੀਕ ਰਹੇਗਾ।

ਜਸਬੀਰ : (ਬੇਰੁਖੀ ਨਾਲ) ਮਿੱਟੀ ਹੋਏ ਸਰੀਰ ਨੂੰ ਰੋਲਣ ਵਾਲੀ ਗੱਲ ਏ।

ਕਰਮ : ਪਰ ਬਾਪੂ ਜੀ ਵੀ ਇਸੇ ਤਰ੍ਹਾਂ ਚਾਹੁੰਦੇ ਸਨ।

ਜਸਬੀਰ : ਬਾਪੂ ਜੀ ਤਾਂ ਬੜਾ ਕੁਝ ਚਾਹੁੰਦੇ ਸਨ, ਪਰ ਸਭ ਕੁਝ ਉਸੇ ਤਰ੍ਹਾਂ ਥੋੜਾ ਹੋ ਸਕਦੈ।

ਕਰਮ : ਹੋਰ ਕੁਝ ਭਾਵੇਂ ਨਾ ਹੋ ਸਕਦਾ ਹੋਵੇ, ਪਰ ਇਹ ਤਾਂ ਹੋ ਹੀ ਸਕਦਾ ਏ।

ਸੀਨ : ਫੋਰ ਵੀਲਰ ਤੇ ਬਾਪੂ ਜੀ ਦੀ ਦੇਹ ਰਖੀ ਹੋਈ ਹੈ। ਉਹਨਾਂ ਦਾ ਸਿਰ ਕਰਮ ਨੇ ਆਪਣੇ ਪੱਟਾਂ 'ਤੇ ਟਿਕਾਇਆ ਹੈ। ਫੋਰ ਵੀਲਰ ਚਲਦਾ ਹੈ।... ਫੋਰ ਵੀਲਰ ਖੇਤਾਂ ਵਿਚੋਂ ਲੰਘਦਾ ਫਿਰਨੀ ਵਾਲੀ ਸੜਕ 'ਤੇ ਆਉਂਦਾ ਹੈ। ਫੋਰ ਵੀਲਰ ਰੁੱਕਦਾ ਹੈ, ਕਰਮ ਸਿੰਘ ਰਸਤਾ ਦੱਸਣ ਲਈ ਬਾਹਰ ਨਿਕਲਦਾ ਹੈ; ਤਾਈ ਗੰਗੋ ਆਉਂਦੀ ਦਿਸਦੀ ਹੈ, ਸੋਟੀ ਨਾਲ ਹੌਲੇ ਹੌਲੇ ਤੁਰਦੀ ਆਣ ਖਲੋਂਦੀ ਹੈ। ਕਰਮ ਸਿੰਘ ਪੈਰੀਂ ਹੱਥ ਲਗਾਉਂਦਾ ਹੈ।

ਗੰਗੋ : ਵੇ ਸੁੱਖ ਤਾਂ ਹੈ ਆ?

ਕਰਮ : ਬਾਪੂ ਜੀ ਗੁਜ਼ਰ ਗਏ ਤਾਈ, ਆਖਦੇ ਸੀ ਪਿੰਡ ਜਾਕੇ ਹੀ ਸਸਕਾਰ ਕਰੀਂ।

*(ਤਾਈ ਦੁਹੱਥੜੀ ਪਿੱਟਣ ਲਗ ਪੈਂਦੀ ਹੈ ਤੇ ਉੱਚੀ ਉੱਚੀ ਵੈਣ*

*ਪਾਉਂਦੀ ਹੈ।)*

ਵੈਣ : ਵੇ ਤੂੰ ਤੁਰ ਗਿਓ ਅੱਧ ਵਾਟਿਓਂ, ਆਪਣੇ ਭਾਈਆਂ ਦਿਆ ਵੀਰਾ। ਤੈਨੂੰ ਕਿਥੋਂ ਮੋੜ ਲਿਆਵਾਂ ਵੇ ਮੇਰਿਆ ਕੁੜੀ ਵਰਗਿਆ ਦਿਉਰਾ ? ਤੈਨੂੰ ਸੁਖ ਭੋਗਣਾ ਨਾ ਮਿਲਿਆ ਵੇ ਮਹਿਲਾਂ ਵਾਲਿਆ।

1 : ਫੋਰ ਵੀਲਰ ਹੌਲੇ ਹੌਲੇ ਤੁਰਦਾ ਜਿਥੋਂ ਵੀ ਲੰਘਦਾ ਹੈ ਪਿੰਡ ਦੇ ਲੋਕ ਆਪਣੇ ਆਪਣੇ ਕੰਮ ਛੱਡਕੇ ਨਾਲ ਨਾਲ ਆਉਂਦੇ ਹਨ।

2 : ਫੋਰ ਵੀਲਰ ਘਰ ਦੇ ਅਗੇ ਆ ਕੇ ਖਲੋਂਦਾ ਹੈ।

3 : ਕਰਮਾ ਘਰ ਦਾ ਕੁੰਡਾ ਖੋਲ੍ਹਦਾ ਹੈ।

4 : ਮੰਜਾ ਰਖਿਆ ਜਾਂਦਾ ਹੈ।

5 : ਚਾਰ ਲੋਕ ਬਾਪੂ ਦੀ ਦੇਹ ਨੂੰ ਮੰਜੇ 'ਤੇ ਰੱਖਦੇ ਹਨ। ਨਾਲ ਨਾਲ ਗਲਾਂ ਹੁੰਦੀਆਂ ਹਨ।

– ਲੈ ਸੱਜਣ ਸਿੰਘ ਵੀ ਤੁਰ ਗਿਆ ਤੇਜ ਕੌਰ ਕੋਲ।

– ਸੱਜਣ ਸਿੰਘ ਵਰਗਾ ਕਾਰੀਗਰ ਫੇਰ ਨਹੀਂ ਜੰਮਣਾ।

– ਮੇਲੇ ਵਿਚ ਚੁਣੌਤੀਆਂ ਦੇਂਦਾ, ਹੈ ਕੋਈ ਮੇਰੇ ਮੁਕਾਬਲੇ ਭਾਰ ਚੁੱਕਣ ਵਾਲਾ।

– ਤੇਜ ਕੌਰ ਦੀ ਮੌਤ ਨੇ ਤੋੜ ਛੱਡਿਆ।

– ਤੇਜ ਕੌਰ ਵਰਗੀ ਤੀਵੀ ਦਾ ਵਿਯੋਗ ਸਹਿਣਾ ਕਿਹੜਾ ਸੌਖਾ ਏ ?

– ਸ਼ਹਿਰ ਗਿਆ ਤਾਂ ਬੜੀ ਦੁਚਿੱਤੀ ਵਿਚ ਸੀ।

– ਆਪਣੇ ਆਲੇ ਦੁਆਲੇ ਕੋਲੋਂ ਟੁਟਣਾ ਕਿਹੜਾ ਸੌਖਾ ਏ

– (ਕਰਮ ਸਿੰਘ ਨੂੰ) ਪੁੱਤਰਾ ਹੁਣ ਦਿਲ ਹੌਲਾ ਨਾ ਕਰ।

– ਹੁਣ ਕੀ ਕਰਨਾ ਏ ?

ਬਜ਼ੁਰਗ : ਇਹਨੇਂ ਕੀ ਕਰਨਾ ਏ ? ਹੁਣ ਤਾਂ ਅਸੀਂ ਕਰਨਾ ਏ।

*(ਕੈਮਰਾ 'ਕੱਠੀ ਹੁੰਦੀ ਭੀੜ 'ਤੇ ਪੈਂਦਾ ਹੈ। ਟੋਲੀਆਂ ਦੀਆਂ ਟੋਲੀਆਂ ਮਰਦਾਂ ਦੀਆਂ, ਤੀਵੀਆਂ ਦੀਆਂ ਆ ਰਹੀਆਂ ਨੇ – ਭੀੜ ਵਿਚੋਂ ਮ੍ਰਿਤਕ ਦੇਹ ਚਾਰ ਦੇ ਮੋਢਿਆਂ 'ਤੇ ਟਿਕੀ ਹੋਈ ਏ।)*

ਕਰਮ : (ਕਲੋਜ਼ ਅਪ) ਹਾਂ ਹੁਣ ਤਾਂ ਸਭ ਕੁਝ ਪਿੰਡ ਵਾਲਿਆਂ ਨੇ ਹੀ ਕਰਨਾ ਏ – ਬਾਪੂ ਦੀ ਦੇਹ ਉਹਦੇ ਵਾਰਸਾਂ ਦੇ ਹਵਾਲੇ ਕਰਕੇ ਮੈਂ ਵੀ ਸੁਰਖ਼ਰੂ ਸਾਂ ਕਿਉਂਕਿ ਇਹ ਲੋਕ ਬਾਪੂ ਜੀ ਦੇ ਆਪਣੇ ਲੋਕ ਸਨ, ਬਿਗਾਨੇ ਨਹੀਂ ਸਨ।

*(ਟਾਇਟਲਜ਼ ਤੇ ਸਮਾਪਤ)*